# ਫ਼ਰੀਦ

## 2015-16



D.B.Pt. CHETAN DEV GOVT. COLLEGE OF EDUCATION
WHO DARES TEACH MUST NEVER CEASE TO LEARN
FARIDKOT


ਦੇਸ਼ ਭਗਤ ਪੰਡਿਤ ਚੇਤਨ ਦੇਵ

**ਸਰਕਾਰੀ ਕਾਲਜ ਆਫ਼ ਐਜੂਕੇਸ਼ਨ**

ਫ਼ਰੀਦਕੋਟ (ਪੰਜਾਬ)

ਫੋਨ : 01639-250031

E-mail : gcedufaridkot@gmail.com Website : www.gcefdk.org.in


Scanned with CamScanner



੧ੴ ਸਤਿਗੁਰ ਪ੍ਰਸਾਦਿ ।।

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ।।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ।। ਬਾਵਲਿ ਹੋਈ ਸੋ ਸਹੁ ਲੋਰਉ ।।
ਤੈ ਸਹਿ ਮਨ ਮਹਿ ਕੀਆ ਰੋਸੁ ।। ਮੁਝੁ ਅਵਗਨ ਸਹ ਨਾਹੀ ਦੋਸੁ ।।੧।।
ਤੈ ਸਾਹਿਬ ਕੀ ਮੈ ਸਾਰ ਨ ਜਾਨੀ ।। ਜੋਬਨੁ ਖੋਇ ਪਾਛੈ ਪਛੁਤਾਨੀ ।।੧।। ਰਹਾਉ ।।
ਕਾਲੀ ਕੋਇਲ ਤੂ ਕਿਤ ਗੁਨ ਕਾਲੀ ।। ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ।।
ਪਿਰਹਿ ਬਿਹੂਨ ਕਤਹਿ ਸੁਖੁ ਪਾਏ ।। ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ।।੨।।
ਵਿਧਣ ਖੂਹੀ ਮੁੰਧ ਇਕੇਲੀ ।। ਨਾ ਕੋ ਸਾਥੀ ਨਾ ਕੋ ਬੇਲੀ ।।
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ।। ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ।।੩।।
ਵਾਟ ਹਮਾਰੀ ਖਰੀ ਉਡੀਣੀ ।। ਖੰਨਿਅਹੁ ਤਿਖੀ ਬਹੁਤੁ ਪਿਈਣੀ ।।
ਉਸੁ ਊਪਰਿ ਹੈ ਮਾਰਗੁ ਮੇਰਾ ।। ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ ।।੪।।੧।।

(ਆਦਿ ਗ੍ਰੰਥ, ਅੰਗ ੭੯੪)

Scanned with CamScanner

# ਸੰਦੇਸ਼



ਮਨੁੱਖੀ ਜੀਵਨ ਦਿਸਦੇ-ਜਗਤ ਦਾ ਅਦਭੁੱਤ ਕ੍ਰਿਸ਼ਮਾ ਹੈ। ਧਰਮ-ਆਸਥਾ ਅਨੁਸਾਰ ਅਲੌਕਿਕ-ਸ਼ਕਤੀ ਪਰਮਾਤਮਾ ਦੀ ਅਨੂਠੀ ਦਾਤ ਹੈ। ਆਪਣੀ ਬਿਬੇਕੀ ਬਿਰਤੀ ਕਾਰਨ ਚੁਰਾਸੀ ਲੱਖ ਜੂਨਾਂ ਦੀ ਸਰਦਾਰੀ ਵੀ ਇਸ ਦੇ ਹਿੱਸੇ ਆਈ ਹੈ। ਇਸ ਦਾ ਬਿਬੇਕ ਹੀ ਹੈ ਜੋ ਇਸ ਨੂੰ ਸਹੀ ਰੂਪ ਵਿੱਚ ਮਨੁੱਖੀ ਪਰਿਭਾਸ਼ਾ ਨਾਲ ਜੋੜਦਾ ਹੈ ਤੇ ਮਨੁੱਖ ਨੂੰ ਮਨੁੱਖ ਹੋਣ ਦਾ ਰੁਤਬਾ ਪ੍ਰਦਾਨ ਕਰਦਾ ਹੈ। ਮੂਲ ਰੂਪ ਵਿੱਚ ਇਸ ਦੀ ਸਮੁੱਚੀ ਇਤਿਹਾਸਕ ਘਾਲਣਾ ਤੇ ਵਿਕਾਸ ਦੀ ਆਧਾਰਸ਼ਿਲਾ, ਇਸ ਦੀ ਸਿਰਜਣਾਤਮਿਕ ਪ੍ਰਤਿਭਾ ਹੀ ਬਣਦੀ ਹੈ ਜਿਸ ਦੇ ਪ੍ਰਤਿਕਰਮ ਵਜੋਂ ਉਸ ਦੇ ਸਰਬਪੱਖੀ ਵਿਕਾਸ ਦਾ ਸੰਬੰਧ ਦੋ ਰੂਪਾਂ ਵਿੱਚ ਮੂਰਤੀਮਾਨ ਹੁੰਦਾ ਹੈ- ਭੌਤਿਕ ਜਗਤ ਦੇ ਸਿਧਾਂਤਕ ਪੱਖਾਂ ਦਾ ਗੂੜ੍ਹ ਗਿਆਨ ਅਤੇ ਇਸ (ਮਨੁੱਖ) ਦੀਆਂ ਭਾਵਨਾਤਮਕ ਬਿਰਤੀਆਂ ਜੋ ਉਸ ਨੂੰ ਸਰਬ ਸਾਂਝੇ ਮਾਨਵੀ ਧਰਾਤਲ ਤੇ ਪ੍ਰਵੇਸ਼ ਕਰਵਾਉਣ ਲਈ ਮਦਦਗਾਰ ਸਿੱਧ ਹੁੰਦੀਆਂ ਹਨ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਇਹਨਾਂ ਦੋਹਾਂ ਦੀ ਸੁਮੇਲਤਾ ਅਤਿ ਜ਼ਰੂਰੀ ਹੈ ਕਿਉਂਕਿ ਮਨੁੱਖ ਦੀ ਪਦਾਰਥਵਾਦੀ ਸੋਚ ਹੀ ਉਸ ਲਈ ਸਭ ਕੁਝ ਨਹੀਂ ਹੁੰਦੀ ਸਗੋਂ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਦੇ ਬੁਨਿਆਦੀ ਸਿਧਾਂਤ ਅਨੁਸਾਰ ਉਸ ਦੀ ਚੰਗੇਰੀ ਜੀਵਨ ਸ਼ੈਲੀ ਵੀ ਓਨਾ ਹੀ ਮਹੱਤਵ ਰੱਖਦੀ ਹੈ। ਸਮਕਾਲੀ ਮਨੁੱਖੀ ਜੀਵਨ ਦੇ ਅਜਿਹੇ ਮਾਨਵ-ਪੱਖੀ ਪਛਾਣ-ਚਿੰਨ੍ਹਾਂ ਦੀ ਨਿਰੰਤਰਤਾ ਹੀ ਚੰਗੇਰੀਆਂ ਭਵਿੱਖਮੁੱਖੀ ਸੰਭਾਵਨਾਵਾਂ ਦੀ ਜਨਮਦਾਤੀ ਹੋ ਸਕਦੀ ਹੈ। ਇਹ ਸਾਰਾ ਕੁਝ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਮਨੁੱਖੀ ਭਾਵਨਾਵਾਂ ਨੂੰ ਪਹਿਲ ਦੇ ਆਧਾਰ ਤੇ ਆਪਣੀ ਸਮਝ ਤੇ ਅਮਲ ਦਾ ਅੰਗ ਬਣਾਇਆ ਜਾਵੇਗਾ।

ਜੇਹਾ ਕਿ ਸਾਡੇ ਇਸ ਵਿਦਿਆ-ਮੰਦਰ ਦੇ ਨਾਂ 'ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ' ਅਤੇ ਸੂਫ਼ੀ ਫ਼ਕੀਰ ਬਾਬਾ ਸ਼ੇਖ਼ ਫ਼ਰੀਦ ਦੀ ਵਰੋਸਾਈ ਪਾਕਿ-ਪਵਿੱਤਰ ਧਰਤਿ ਦੇ ਨਾਮ 'ਤੇ ਘੁੱਘ ਵਸਦੇ ਇਸ ਸ਼ਹਿਰ 'ਫ਼ਰੀਦਕੋਟ' ਦੇ ਨਾਂ ਤੋਂ ਸਪੱਸ਼ਟ ਹੈ ਕਿ ਕੌਮੀ-ਚੇਤਨਾ ਤੇ ਧਰਮ-ਚੇਤਨਾ ਦੇ ਸਦਗੁਣਾਂ ਸਦਕਾ ਇਹ ਕਾਲਜ ਇਲਾਕਾ ਨਿਵਾਸੀਆਂ ਲਈ ਵਿਸ਼ੇਸ਼ ਰੋਲ ਮਾਡਲ ਬਣਦਾ ਹੈ।

ਹਥਲੇ ਮੈਗਜ਼ੀਨ 'ਫ਼ਰੀਦ' ਦੇ ਨਾਂ ਤੋਂ ਵੀ ਪ੍ਰਤੱਖ ਹੈ। 'ਫ਼ਰੀਦ' ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਲਾਸਾਨੀ, ਅਦੁੱਤੀ, ਬੇਨਜ਼ੀਰ, ਮੂਲੋਂ ਹੀ ਨਿਵੇਕਲਾ। ਇਸ ਤਰ੍ਹਾਂ ਸਿਰਜਣ ਪ੍ਰਕਿਰਿਆ ਦਾ ਸੰਬੰਧ ਵੀ ਮੌਲਿਕਤਾ ਨਾਲ ਜੁੜਿਆ ਹੁੰਦਾ ਹੈ। ਮਨੁੱਖੀ ਭਾਵਨਾਵਾਂ ਦੀ ਅਭਿਵਿਅਕਤੀ ਵਿਦਿਆਰਥੀਆਂ ਦੇ ਪੱਧਰ 'ਤੇ ਜਿਸ ਰੂਪ ਵਿੱਚ ਇਸ ਮੈਗਜ਼ੀਨ ਵਿੱਚ ਹੋਈ ਹੈ, ਲੇਖਕ-ਵਿਦਿਆਰਥੀ ਵਧਾਈ ਦੇ ਪਾਤਰ ਹਨ, ਪ੍ਰਸ਼ੰਸਾ ਦੇ ਹੱਕਦਾਰ ਹਨ। ਅਜੋਕਾ ਵਿਦਿਆਰਥੀ ਭਵਿੱਖ ਦਾ ਵਾਰਸ ਹੈ, ਭਵਿੱਖ ਦਾ ਸੁਪਨਸਾਜ਼ ਹੈ, ਉਸ ਦੀ ਬਿਬੇਕੀ ਸੋਚ ਦੇ ਅਜਿਹੇ ਦੀਵੇ ਨੂੰ ਹਮੇਸ਼ਾਂ ਮਘਦਾ ਰੱਖਣ ਦੀ ਲੋੜ ਹੈ ਤਦ ਹੀ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ, ਸੀਮਾਵਾਂ ਤੇ ਸੰਭਾਵਨਾਵਾਂ ਦੀ ਸਹੀ ਰੂਪ ਵਿੱਚ ਨਿਸ਼ਾਨਦੇਹੀ ਹੋ ਸਕੇਗੀ। ਮੌਲਿਕ ਵਿਚਾਰਾਂ 'ਤੇ ਕੇਂਦ੍ਰਿਤ ਵਿਭਿੰਨ ਰੰਗਾਂ ਦੀ ਇਸ ਸ਼ਬਦਰੂਪੀ ਗਾਗਰ ਨੂੰ ਮੈਂ 'ਜੀ ਆਇਆਂ' ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਸਾਡੇ ਇਹ ਵਿਦਿਆਰਥੀ ਪੁਸਤਕ ਸੱਭਿਆਚਾਰ ਨਾਲ ਜੁੜ ਕੇ ਸ਼ਬਦ-ਅਨੁਭਵ ਤੇ ਸ਼ਬਦ-ਚੇਤਨਾ ਤੱਕ ਦਾ ਸਫ਼ਰ ਤੈਅ ਕਰਦੇ ਹੋਏ ਹੋਰ ਵੀ ਉੱਚ-ਬੁਲੰਦੀਆਂ ਨੂੰ ਛੂੰਹਣਗੇ। ਉਨ੍ਹਾਂ ਦੀਆਂ ਕਲਮਾਂ ਹਮੇਸ਼ਾ 'ਪਾਣੀ ਵਗਦੇ ਹੀ ਰਹਿਣ' ਦਾ ਅਹਿਸਾਸ ਕਰਵਾਉਂਦੀਆਂ ਰਹਿਣਗੀਆਂ।

ਹੋਰ ਵੀ ਚੰਗੇਰੀ ਆਸ ਨਾਲ,


ਕ੍ਰਿਸ਼ਨ ਸਿੰਘ
ਪ੍ਰਿੰਸੀਪਲ
ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ


Scanned with CamScanner

# ਸੰਪਾਦਕੀ



ਮਨੁੱਖ ਪਰਮਾਤਮਾ ਦੀ ਹੁਸੀਨ ਕਿਰਤ ਹੈ । ਉਹ ਬਾਕੀ ਜੀਵਾਂ ਤੋਂ ਭਿੰਨ ਹੈ, ਕਿਉਂਕਿ ਉਸ ਕੋਲ ਸੋਚਣ-ਵਿਚਾਰਣ ਦੀ ਸ਼ਕਤੀ ਹੈ । ''ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ'' ਇਸ ਦਿਲ ਦਰਿਆ ਵਿਚ ਵਿਚਾਰਾਂ ਦੀ ਸੁਨਾਮੀ ਠਾਠਾਂ ਮਾਰਦੀ ਹੈ । ਕਦੇ-ਕਦੇ ਇਹੀ ਲਹਿਰਾਂ ਕਲਮ ਦੇ ਮੋਤੀ ਬਣ ਹਰਫ਼ ਪਿਰੋਂਦੀਆਂ ਹਨ । ਕਲਮਾਂ ਨੇ ਇਤਿਹਾਸ ਲਿਖੇ, ਕਲਮਾਂ ਨੇ ਇਨਕਲਾਬ ਲਿਆਂਦੇ, ਕਲਮਾਂ ਨੇ ਤਖਤੇ ਪਲਟੇ । ਅਸੀਂ 'ਕਲਮ ਦੀ ਸ਼ਕਤੀ' ਤੋਂ ਮੁੱਨਕਰ ਨਹੀਂ ਹੋ ਸਕਦੇ । ਕਲਮ ਕਲਾ ਸਿਰਜਦੀ ਹੈ । ਕਲਮ ਵਿਚੋਂ ਹੀ ਕਹਾਣੀ, ਕਵਿਤਾ ਅਤੇ ਵਾਰਤਕ ਜਨਮ ਲੈਂਦੀ ਹੈ । ਵਿਲੀਅਮ ਵਰਡਜ਼ਵਰਥ ਨੇ ਕਿਹਾ ਸੀ, ''ਕਵਿਤਾ ਸ਼ਾਡੀਆਂ ਸ਼ਕਤੀਸ਼ਾਲੀ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਗਟਾਵਾ ਹੈ।'' ਪ੍ਰੋ. ਮੋਹਨ ਸਿੰਘ ਦੀ ਕਲਮ ਲਿਖਦੀ ਹੈ :-

''ਆਪਣੀ ਜਾਤ ਵਿਖਾਲਣ ਬਦਲੇ,<br>
ਰੱਬ ਨੇ ਹੁਸਨ ਬਣਾਇਆ ।<br>
ਵੇਖ ਹੁਸਨ ਦੇ ਤਿੱਖੇ ਜਲਵੇ,<br>
ਜ਼ੋਰ ਇਸ਼ਕ ਨੇ ਪਾਇਆ ।<br>
ਫੁਰਿਆ ਜਦੋਂ ਇਸ਼ਕ ਦਾ ਜਾਦੂ,<br>
ਦਿਲ ਵਿੱਚ ਕੁੱਦੀ ਮਸਤੀ<br>
ਇਹ ਮਸਤੀ ਜਦ ਬੋਲ ਉੱਠੀ<br>
ਤਾਂ ਹੜ੍ਹ ਕਵਿਤਾ ਦਾ ਆਇਆ ।''

ਸੋ, ਪਿਆਰੇ ਵਿਦਿਆਰਥੀਓ, ਤੁਹਾਡੀ ਕਲਮ ਨੂੰ ਸਲਾਮ ਹੈ । ਇਸੇ ਸਲਾਮ ਦੇ ਨਜ਼ਰੇ ਇਨਾਇਤ ਹੀ ਹੈ ਕਿ ਕੋਈ ਵੀ ਲੇਖਣੀ ਰੱਦ ਨਹੀਂ ਕੀਤੀ ਗਈ ।

ਤੁਹਾਡੇ ਅੰਦਰ ਛੁਪੀਆਂ ਹੋਈਆਂ ਅਸੀਮ ਸ਼ਕਤੀਆਂ ਤੋਂ ਜੱਗ ਨੂੰ ਜਾਣੂ ਕਰਵਾਉਣ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਕਰ ਰਿਹਾ ਹਾਂ ।

ਧੰਨਵਾਦ

ਡਾ. ਮਨਜੀਤ ਸਿੰਘ ਮੱਕੜ
ਮੁੱਖ ਸੰਪਾਦਕ



Scanned with CamScanner



ਅਧਿਆਪਕ-ਸੰਪਾਦਕ
ਪ੍ਰੋ. ਜਸਬੀਰ ਕੌਰ



ਵਿਦਿਆਰਥੀ-ਸੰਪਾਦਕ
ਮਨਪ੍ਰੀਤ ਕੌਰ
ਬੀ.ਐੱਡ., ਰੋਲ ਨੰ. 32

# ਪੰਜਾਬੀ ਵਿਭਾਗ

Scanned with CamScanner

# ਤੱਤਕਰਾ


| ਲੜੀ ਨੰ: | ਰਚਨਾ ਦਾ ਨਾਂ | ਲੇਖਕ | ਪੇਜ ਨੰ: |
|---|---|---|---|
| 1 | ਮਾਨਵੀਕਰਨ ਦੇ ਕਲਾਤਮਿਕ.... | ਸ. ਕ੍ਰਿਸ਼ਨ ਸਿੰਘ | 1 |
| 2 | ਉਨੀਂਦਰਾ-ਕਾਰਨ ਅਤੇ ਉਪਾਅ | ਡਾ. ਮਨਜੀਤ ਸਿੰਘ | 4 |
| 3 | ਕਈ ਵਾਰ | ਪ੍ਰੋ. ਬੀਰਇੰਦਰਜੀਤ ਸਿੰਘ | 5 |
| 4 | ਮਹਾਨ ਵਿਚਾਰ | ਪ੍ਰੋ. ਬੀਰਇੰਦਰਜੀਤ ਸਿੰਘ | 5 |
| 5 | ਖੇਰੜਾ ਟੱਬਰ | ਪ੍ਰੋ. ਜਸਬੀਰ ਕੌਰ | 6 |
| 6 | ਮਾਂ ਦਾ ਰਿਸ਼ਤਾ | ਸਨਾ | 7 |
| 7 | ਹੰਕਾਰ | ਖੁਸ਼ਵੀਰ ਕੌਰ | 7 |
| 8 | ਗੁਰੂ | ਨੀਲਮ | 7 |
| 9 | ਸਾਡੀ ਧੀ | ਸਰਬਜੀਤ ਕੌਰ | 7 |
| 10 | ਤੇਰਾ ਤੇਰਾ | ਖੁਸ਼ਵੀਰ ਕੌਰ | 7 |
| 11 | ਕਿੱਥੇ ਗਏ ਹੁਣ 24 ਘੰਟੇ | ਨੇਹਾ | 8 |
| 12 | ਮੈਂ ਲਿਖਣਾ ਚਾਹੁੰਦੀ ਹਾਂ | ਰਾਜਬੀਰ ਕੌਰ ਚੰਬੇਲੀ | 8 |
| 13 | ਦਾਸਤਾਨ | ਰਾਜਬੀਰ ਕੌਰ ਚੰਬੇਲੀ | 8 |
| 14 | ਵਿਚਾਰ | ਰਾਜਬੀਰ ਕੌਰ ਚੰਬੇਲੀ | 9 |
| 15 | ਬਚਪਨ | ਹਰਪ੍ਰੀਤ ਸਿੰਘ | 9 |
| 16 | ਅਜੀਬ ਦੁਨੀਆਂ | ਕੋਮਲ | 9 |
| 17 | ਮੈਂ ਖੁਦਕੁਸ਼ੀਆਂ ਬੀਜਦਾ ਹਾਂ | ਖੁਸ਼ਵੀਰ ਕੌਰ | 10 |
| 18 | ਗਜ਼ਲ | ਅਰਸ਼ਦੀਪ ਕੌਰ | 11 |
| 19 | ਇਮਤਿਹਾਨ | ਗੁਰਜੰਟ | 11 |
| 20 | ਵਗਦਾ ਪਾਣੀ | ਖੁਸ਼ਵੀਰ ਕੌਰ | 11 |
| 21 | ਪੰਜਾਬ | ਸਰਬਜੀਤ ਕੌਰ | 12 |
| 22 | ਤਲਾਸ਼ | ਸਰਬਜੀਤ ਕੌਰ | 12 |
| 23 | ਅਨਮੋਲ ਮੋਤੀ | ਸਰਬਜੀਤ ਕੌਰ | 12 |
| 24 | ਸਵਾਲ | ਖੁਸ਼ਵੀਰ ਕੌਰ | 12 |
| 25 | ਜ਼ਿੰਦਗੀ ਕੀ ਹੈ? | ਅਮਰਜੀਤ ਕੌਰ | 12 |
| 26 | ਕੀ ਤੁਸੀਂ ਜਾਣਦੇ ਹੋ? | ਅਮਰਜੀਤ ਕੌਰ | 12 |
| 27 | ਬਾਕੀ ਹੈ | ਰਾਜਵਿੰਦਰ ਕੌਰ, ਜਗਦੀਪ ਸਿੰਘ | 13 |
| 28 | ਕਾਲਜ ਦੇ ਸੁਨਹਿਰੀ ਪਲ | ਅਰਸ਼ਦੀਪ ਕੌਰ | 13 |
| 29 | ਸਹੁਰੇ ਭੇਜਣ ਸਮੇਂ ...... | ਕੋਮਲ | 13 |
| 30 | ਸੱਤੇ | ਖੁਸ਼ਵੀਰ ਕੌਰ | 14 |
| 31 | ਮਾਡਰਨ ਗਾਇਕੀ ....... | ਜਗਦੀਪ ਕੌਰ | 15 |
| 32 | ਵਿਸ਼ਾਲ ਰਿਸ਼ਤਾ | ਅਰਸ਼ਦੀਪ ਕੌਰ | 16 |
| 33 | ਫਰਕ | ਅਰਸ਼ਦੀਪ ਕੌਰ | 16 |
| 34 | ਤੈਨੂੰ ਯਾਦ ਕਰਨਾ | ਅਰਸ਼ਦੀਪ ਕੌਰ | 17 |
| 35 | ਗਜ਼ਲ | ਅਰਸ਼ਦੀਪ ਕੌਰ | 17 |
| 36 | ਜ਼ਿੰਦਗੀ ਦੇ ਰੰਗ | ਅਰਸ਼ਦੀਪ ਕੌਰ | 18 |
| 37 | ਸੁਪਨਾ | ਕੋਮਲ | 18 |
| 38 | ਕਰਮਾਂ ਦੀ ਗੱਲ | ਨੀਲਮ ਸ਼ਰਮਾ | 19 |
| 39 | ਭਾਰਤ | ਗੁਰਮੇਲ ਸਿੰਘ | 19 |
| 40 | ਮੱਛਰ | ਗੁਰਮੇਲ ਸਿੰਘ | 19 |
| 41 | ਇੱਕ ਅਸੀਸ ਬਜ਼ੁਰਗ ਦੀ | ਗਗਨਦੀਪ ਕੌਰ ਸੰਧੂ | 20 |
| 42 | ਜ਼ਿੰਦਗੀ | ਗਗਨਦੀਪ ਕੌਰ ਸੰਧੂ | 20 |
| 43 | ਅਧਿਆਪਕ | ਪੂਜਾ | 21 |
| 44 | ਅੱਗੇ ਵੱਧਣ ਦੀ ਲੋੜ | ਮਨਦੀਪ ਕੌਰ | 21 |
| 45 | ਧੀ | ਲਖਵੀਰ ਕੌਰ | 22 |
| 46 | ਸਾਡਾ ਭਾਰਤ ਮਹਾਨ | ਮਨਦੀਪ ਕੌਰ | 22 |
| 47 | ਬੁੱਢੀ ਦਾਦੀ | ਸੰਦੀਪ ਕੌਰ | 22 |
| 48 | ਭਾਂਤ ਭਾਤ | ਜਗਦੀਪ ਸਿੰਘ | 23 |
| 49 | ਕਿਸਾਨ | ਲਖਵੀਰ ਕੌਰ | 23 |
| 50 | ਬੁਰਾ ਵਕਤ | ਕਮਲਦੀਪ ਕੌਰ | 23 |
| 51 | ਬੀ. ਐੱਡ ਦੇ ਖੱਟੇ ਮਿੱਠੇ ਪਲ | ਰੀਟਾ | 24 |
| 52 | ਜੁਗੋ ਜੁਗ ਅੱਟਲ ....... | ਨੀਲਮ | 25 |
| 53 | ਨਸ਼ਿਆਂ ਦਾ ਬੋਲਬਾਲਾ | ਜਸ਼ਨਦੀਪ ਕੌਰ | 25 |
| 54 | ਆਈ ਲਵ ਪੰਜਾਬ | ਜਸ਼ਨਦੀਪ ਕੌਰ | 26 |
| 55 | ਅਸੀਸਾਂ | ਜਸ਼ਨਦੀਪ ਕੌਰ | 26 |
| 56. | ਰੱਬ ਥੋਨੂੰ ਬਹੁਤਾ ਦੇਵੇ | ਜਸ਼ਨਦੀਪ ਕੌਰ | 27 |
| 57. | ਬਚਪਨ ਦੀਆਂ ਯਾਦਾਂ | ਜਸ਼ਨਦੀਪ ਕੌਰ | 27 |
| 58 | ਇਕੱਲਾਪਣ | ਬੀਨਾ ਰਾਣੀ | 28 |
| 59 | ਕਵਿਤਾ | ਸੁਖਵਿੰਦਰ ਸਿੰਘ | 29 |
| 60 | ਕਿਸਾਨ ਖੁਦਕੁਸ਼ੀ | ਲਵਲੀਨ | 29 |
| 61 | ਲੋੜ ਅਤੇ ਆਸ | ਸੁਖਵਿੰਦਰ ਸਿੰਘ | 29 |
| 62 | ਸਮਾਂ ਦਿਖਾਵੇ ਦਾ | ਹਰਪ੍ਰੀਤ ਕੌਰ | 30 |
| 63 | ਪਰਮਾਤਮਾ ਨੂੰ ਅਰਦਾਸ | ਵੀਰਪਾਲ ਕੌਰ | 30 |
| 64 | ਦੋਸਤੀ | ਜੋਤੀ | 30 |
| 65 | ਭਗਤ ਸਿੰਘ ਇੱਕ ਸੋਚ | ਜੋਤੀ | 31 |
| 66 | ਪਲ ਪਲ ਜੀਵਾਂ-ਪਲ ਪਲ ਮਰਾਂ | ਸੰਦੀਪ ਕੌਰ | 31 |
| 67 | ਤੇਰੀ ਸੂਰਤ ਨਾ ਲੱਭਦੀ ਮਾਏ | ਸਨਾ | 31 |
| 68 | ਮਾਂਵਾਂ ਦਾ ਪਰਛਾਵਾਂ | ਸੰਦੀਪ ਕੌਰ | 32 |
| 69 | ਕਵਿਤਾ | ਸੋਨੀਆ ਰਾਣੀ | 32 |
| 70 | ਗਰੀਬ ਘਰ ਦੀ ਜਾਈ | ਸਨਾ | 32 |
| 71 | ਬਾਪ ਦਾ ਸਹਾਰਾ | ਸੰਦੀਪ ਕੌਰ | 33 |
| 72 | ਤਿੰਨ ਗੱਲਾਂ | ਬਾਵੀਆ | 33 |
| 73 | ਪੱਛਮੀ ਸੱਭਿਆਚਾਰ | ਰਮਨਦੀਪ ਕੌਰ | 33 |
| 74 | ਰਾਤ ਦਾ ਸੁਪਨਾ | ਸੰਦੀਪ ਕੌਰ | 34 |
| 75 | ਸੱਟ | ਰਾਜਬੀਰ ਕੌਰ ਚੰਬੇਲੀ | 34 |
| 76 | ਬਰਾਬਰਤਾ | ਸੁਖਪ੍ਰੀਤ ਕੌਰ | 35 |
| 77 | ਧੀ | ਗਗਨਦੀਪ ਕੌਰ | 35 |
| 78 | ਇਸ ਨੂੰ ਪੜ੍ਹਨਾ ਮਨ੍ਹਾ ਹੈ। | ਰੀਟਾ | 35 |
| 79 | ਚਰਖਾ | ਸੰਦੀਪ ਕੌਰ | 36 |
| 80 | ਮਨ ਦੀ ਆਸ | ਰਮਨਦੀਪ ਕੌਰ | 36 |
| 81 | ਚੁੱਪ ਦੇ ਗੁਣ | ਮਨਦੀਪ ਕੌਰ ਸੰਧੂ | 36 |
| 82 | ਜ਼ਿੰਦਗੀ ਦੀ ਰਫ਼ਤਾਰ | ਕੁਲਵਿੰਦਰ ਕੌਰ ਗਿੱਲ | 37 |
| 83 | ਪੰਜਾਬੀ ਵਰਣਮਾਲਾ | ਬਾਵੀਆ | 37 |
| 84 | ਸੁਪਨਾ | ਕਮਲਦੀਪ ਕੌਰ | 37 |
| 85 | ਮਿਹਨਤ ਦਾ ਰਸਤਾ | ਬਾਵੀਆ | 38 |
| 86 | ਅਨਮੋਲ ਸ਼ਬਦ | ਬਾਵੀਆ | 38 |
| 87 | ਜਜ਼ਬਾਤ | ਮਨਦੀਪ ਕੌਰ | 38 |
| 88 | ਕੱਚੀ ਉਮਰ ..... | ਸੰਦੀਪ ਕੌਰ | 39 |
| 89 | ਮਾਸੂਮ ਸੁਪਨਿਆਂ ਦੀ ਹਕੀਕਤ | ਸੁਖਦੀਪ ਕੌਰ | 40 |
| 90 | ਸਿੱਖਿਆ | ਸੁਖਵਿੰਦਰ | 40 |
| 91 | ਅਸੀਂ ਦਿਲ ਦੇ ਪੰਨਿਆਂ 'ਤੇ | ਸੰਦੀਪ ਕੌਰ | 41 |
| 92 | ਔਰਤ | ਰਾਜਵਿੰਦਰ ਕੌਰ | 41 |
| 93 | ਇਨਸਾਨ | ਜਗਦੀਪ ਸਿੰਘ | 41 |
| 94 | ਇੱਕ ਖੁਸ਼ੀ ਭਰਿਆ ਪਲ | ਮਨਪ੍ਰੀਤ ਕੌਰ | 42 |
| 95 | ਨਸ਼ਾ | ਮਨਪ੍ਰੀਤ ਕੌਰ | 42 |
| 96 | ਅਨਮੋਲ ਵਚਨ | ਨਿਸ਼ਾ | 42 |
| 97 | ਅਨਮੋਲ ਵਿਚਾਰ | ਹਰਪ੍ਰੀਤ ਕੌਰ | 43 |
| 98 | ਸੁਪਨਾ | ਕੁਲਵਿੰਦਰ ਕੌਰ ਗਿੱਲ | 43 |
| 99 | ਧੀਆਂ | ਜਸਪ੍ਰੀਤ ਕੌਰ | 43 |
| 100 | ਜ਼ਿੰਦਗੀ ਦਾ ਸਫ਼ਰ | ਗਗਨਦੀਪ ਨਰੂਲਾ | 44 |
| 101 | ਕਵਿਤਾ | ---- | 44 |
| 102 | ਘਰ ਦਾ ਪਤਾ | ਗਗਨਦੀਪ ਨਰੂਲਾ | 44 |
| 103 | ਜ਼ਿੰਦਗੀ | ਕਵਿਤਾ ਸ਼ਰਮਾ | 45 |
| 104 | ਕਵਿਤਾ | ਗਗਨਦੀਪ ਨਰੂਲਾ | 45 |
| 105 | ਫੇਸਬੁੱਕ ਜਾਂ ਫੇਕਬੁੱਕ | ਨਿਸ਼ਾ | 46 |
| 106 | ਦਹੇਜ | ਕਵਿਤਾ ਸ਼ਰਮਾ | 46 |
| 107 | ਬੁਲੰਦ ਹੌਸਲੇ | ਮੀਨੂ ਗਰੋਵਰ | 47 |
| 108 | ਸਭ ਕੁਝ ਆਮ ਵਿਕੇ | ਮੀਨੂ ਗਰੋਵਰ | 47 |
| 109 | ਬਚਪਨ ਦੀਆਂ ਯਾਦਾਂ | ਸੰਦੀਪ ਕੌਰ | 47 |
| 110 | ਮਿਹਨਤ | ਬੇਅੰਤ ਕੌਰ | 48 |
| 111 | ਅਨਮੋਲ ਵਚਨ | --- | 48 |
| 112 | ਸਾਡੇ ਵਿਹੜੇ ਵਿੱਚ | ਮੀਨੂ ਗਰੋਵਰ | 48 |
| 113 | ਮਾਂ ਦਾ ਮਹੱਤਵ | ਮਨਪ੍ਰੀਤ ਕੌਰ | 48 |


Scanned with CamScanner

# ਐਡੀਟੋਰੀਅਲ ਬੋਰਡ



ਖੱਬੇ ਤੋਂ ਸੱਜੇ (ਬੈਠੇ) : ਪ੍ਰੋ. ਰਾਜੇਸ਼ਵਰੀ ਦੇਵੀ (ਸੰਪਾਦਕ ਹਿੰਦੀ ਸੈਕਸ਼ਨ), ਪ੍ਰੋ. ਬੀਰਇੰਦਰਜੀਤ ਸਿੰਘ (ਉੱਪ-ਸੰਪਾਦਕ), ਡਾ. ਮਨਜੀਤ ਸਿੰਘ (ਮੁੱਖ-ਸੰਪਾਦਕ), ਤਤਕਾਲੀਨ ਪ੍ਰਿੰਸੀਪਲ ਡਾ. ਹਰਮਿੰਦਰ ਕੌਰ, ਪ੍ਰੋ. ਮੰਜੂ ਕਪੂਰ (ਸੰਪਾਦਕ ਸਾਇੰਸ ਅਤੇ ਜਨਰਲ ਸੈਕਸ਼ਨ), ਪ੍ਰੋ. ਮਨਪ੍ਰੀਤ ਕੌਰ (ਸੰਪਾਦਕ ਅੰਗਰੇਜ਼ੀ ਸੈਕਸ਼ਨ), ਪ੍ਰੋ. ਜਸਬੀਰ ਕੌਰ (ਸੰਪਾਦਕ ਪੰਜਾਬੀ ਸੈਕਸ਼ਨ)

**ਵਿਦਿਆਰਥੀ ਸੰਪਾਦਕ** : ਖੱਬੇ ਤੋਂ ਸੱਜੇ (ਖੜ੍ਹੇ) : ਵੀਰਪਾਲ ਕੌਰ (ਹਿੰਦੀ ਸੈਕਸ਼ਨ), ਅੰਮ੍ਰਿਤਪਾਲ ਕੌਰ (ਸਾਇੰਸ ਸੈਕਸ਼ਨ), ਮੀਨੂੰ ਗਰੋਵਰ (ਅੰਗਰੇਜ਼ੀ ਸੈਕਸ਼ਨ), ਮਨਪ੍ਰੀਤ ਕੌਰ (ਪੰਜਾਬੀ ਸੈਕਸ਼ਨ)

Scanned with CamScanner

# ★★★★★ ਚਮਕਦੇ ਸਿਤਾਰੇ 2015-16 ★★★★★

## ਖੇਤਰੀ ਲੋਕ ਮੇਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ



ਸੁਖਪ੍ਰੀਤ ਕੌਰ
ਰੋਲ ਨੰ. 66, ਬੀ.ਐੱਡ ਨੇ
ਨਾਲਾ ਬੁਣਨ ਮੁਕਾਬਲੇ ਵਿੱਚ
ਪਹਿਲਾ ਸਥਾਨ ਪ੍ਰਾਪਤ ਕੀਤਾ

## ਸਲਾਨਾ ਖੇਡ ਸਮਾਰੋਹ ਦੇ ਸਰਵੋਤਮ ਖਿਡਾਰੀ



ਚਰਨਜੀਤ ਸਿੰਘ
ਰੋਲ ਨੰ. 41, ਬੀ.ਐੱਡ



ਨਵਦੀਪ ਕੌਰ
ਰੋਲ ਨੰ. 57, ਬੀ.ਐੱਡ

## ਸੱਤ ਦਿਨਾਂ ਕੌਮੀ ਸੇਵਾ ਯੋਜਨਾ ਕੈਂਪ (ਸਰਵੋਤਮ ਵਲੰਟੀਅਰ)



ਸੁਰਜੀਤ ਸਿੰਘ
ਰੋਲ ਨੰ. 234, ਐੱਮ.ਐੱਡ



ਨਿਸ਼ਾ
ਰੋਲ ਨੰ. 240, ਐੱਮ.ਐੱਡ



ਮਨਪ੍ਰੀਤ ਕੌਰ
ਰੋਲ ਨੰ. 239, ਐੱਮ.ਐੱਡ

## ਸੱਤ ਦਿਨਾਂ ਕੌਮੀ ਸੇਵਾ ਯੋਜਨਾ ਕੈਂਪ (ਵਧੀਆ ਕਾਰਗੁਜ਼ਾਰੀ ਵਾਲੇ ਵਲੰਟੀਅਰ)



ਗੁਰਜੰਟ ਸਿੰਘ
ਰੋਲ ਨੰ. 30, ਬੀ.ਐੱਡ



ਸੰਦੀਪ ਕੌਰ
ਰੋਲ ਨੰ. 81, ਬੀ.ਐੱਡ



ਚਰਨਜੀਤ ਸਿੰਘ
ਰੋਲ ਨੰ. 41, ਬੀ.ਐੱਡ



ਸੁਖਵਿੰਦਰ ਕੌਰ
ਰੋਲ ਨੰ. 205, ਐੱਮ.ਐੱਡ



ਗਗਨਦੀਪ ਨਰੂਲਾ
ਰੋਲ ਨੰ. 40, ਬੀ.ਐੱਡ



ਰਾਜਪਾਲ ਕੌਰ
ਰੋਲ ਨੰ. 26, ਬੀ.ਐੱਡ

Scanned with CamScanner